# ਧਰਮ

## XII

**ਸਮਾਂ: 3 ਘੰਟੇ** | **ਲਿਖਤੀ ਪੇਪਰ : 80 ਅੰਕ**

**ਪ੍ਰੋਜੈਕਟ /ਅਤਰਿਕ ਮੁਲਾਂਕਣ : 20 ਅੰਕ**

**ਕੁੱਲ : 100 ਅੰਕ**

## ਪ੍ਰਸ਼ਨ ਪੱਤਰ ਦੀ ਰੂਪ-ਰੇਖ

1. ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹੋਣਗੇ।
2. ਪ੍ਰਸ਼ਨ ਪੱਤਰ ਚਾਰ ਭਾਗਾਂ ਵਿੱਚ ਵੰਡਿਆ ਹੋਵੇਗਾ। ਹਰ ਭਾਗ ਸਾਰੇ ਪਾਠ-ਕ੍ਰਮ ਤੇ ਅਧਾਰਿਤ ਹੋਵੇਗਾ।

**ਭਾਗ-I** ਵਿੱਚ ਦਸ (10) ਬਹੁਸਕੰਲਪੀ ਪ੍ਰਸ਼ਨ (1 ਤੋਂ 10) ਪੁੱਛੇ ਜਾਣਗੇ। ਹਰ ਪ੍ਰਸ਼ਨ ਇੱਕ **ਅੰਕ** ਦਾ ਹੋਵੇਗਾ। 10×1=10

**ਭਾਗ-II** ਵਿੱਚ ਵੀਹ (20) ਵਸਤੂਨਿਸ਼ਠ ਪ੍ਰਸ਼ਨ (11 ਤੋਂ 30) ਪੁੱਛੇ ਜਾਣਗੇ। ਹਰ ਪ੍ਰਸ਼ਨ ਇੱਕ ਅੰਕ ਦਾ ਹੋਵੇਗਾ। ਵਸਤੂਨਿਸ਼ਠ ਪ੍ਰਸ਼ਨ ਇੱਕ ਸ਼ਬਦ ਤੋਂ ਇਕ ਵਾਕ ਤੱਕ ਦੇ ਉੱਤਰ ਵਾਲੇ ਜਾਂ ਹਾਂ/ਨਾਂ ਜਾਂ ਖਾਲੀ ਥਾਂ ਭਰੋ ਜਾਂ ਠੀਕ/ਗਲਤ ਕਿਸੇ ਵੀ ਤਰ੍ਹਾਂ ਦੇ ਹੋ ਸਕਦੇ ਹਨ। 20×1=20

**ਭਾਗ -III** ਵਿੱਚ ਦਸ (10) ਛੋਟੇ ਉੱਤਰਾਂ ਵਾਲੇ ਪ੍ਰਸ਼ਨ (31 ਤੋਂ 40) ਪੁੱਛੇ ਜਾਣਗੇ। ਹਰ ਪ੍ਰਸ਼ਨ 2 ਅੰਕ ਦਾ ਹੋਵੇਗਾ ਜਿਸ ਦਾ ਉੱਤਰ 30-35 ਸ਼ਬਦਾਂ ਵਿੱਚ ਹੋਵੇ। 10×2=20

**ਭਾਗ -IV** ਵਿੱਚ ਪੰਜ (5) ਵੱਡੇ ਉੱਤਰਾਂ ਵਾਲੇ ਪ੍ਰਸ਼ਨ (41 ਤੋਂ 45) ਪੁੱਛੇ ਜਾਣਗੇ। ਹਰ ਪ੍ਰਸ਼ਨ 6 ਅੰਕ ਦਾ ਹੋਵੇਗਾ, ਜਿਸ ਦਾ ਉੱਤਰ 80-100 ਸ਼ਬਦਾਂ ਵਿੱਚ ਹੋਵੇ। ਸਾਰੇ ਪ੍ਰਸ਼ਨਾਂ ਵਿੱਚ ਅੰਦਰੂਨੀ ਛੋਟ ਹੋਵੇਗੀ। 5×6=18

## ਭਾਗ–ੳ

1. ਮੁੱਢਲੇ ਆਰੀਆ ਲੋਕਾਂ ਦੇ ਧਰਮ ਦਾ ਆਧਾਰ
   (ੳ) ਵੇਦ  (ਅ) ਪੁਰਾਣ
   (ੲ) ਉਪਨਿਸ਼ਦ  (ਸ) ਇਹ ਸਾਰੇ
2. ਮੁੱਢਲੇ ਆਰੀਆ ਦੇ ਪ੍ਰਮੁੱਖ ਦੇਵਤਿਆਂ 'ਚੋ ਕਿਹੜਾ ਨਹੀਂ ਹੈ?
   (ੳ) ਬ੍ਰਹਿਸਪਤੀ  (ਅ) ਵਰੁਣ
   (ੲ) ਮਨੂ  (ਸ) ਅਗਨੀ
3. ਬੁੱਧ ਧਰਮ ਦੀ 544 ਈ .ਪੂ. ਵਿਚ ਕਿਹੜੀ ਸਭਾ ਹੋਈ।
   (ੳ) ਤੀਜੀ  (ਅ) ਦੂਜੀ
   (ੲ) ਪਹਿਲੀ  (ਸ) ਚੌਥੀ
4. ਗੁਰੂ ਅਮਰ ਦਾਸ ਜੀ ਨੇ ਬਉਲੀ ਦਾ ਨਿਰਮਾਣ ਕਿੱਥੇ ਕੀਤਾ?
   (ੳ) ਸ੍ਰੀ ਅਮ੍ਰਿਤਸਰ  (ਅ) (ਤਰਨਤਾਰਨ)
   (ੲ) ਅਨੰਦਪੁਰ ਸਾਹਿਬ  (ਸ) ਗੋਇੰਦਵਾਲ
5. ਯੱਗ ਸਬੰਧੀ ਸਭ ਤੋਂ ਪਹਿਲਾਂ ਕਿਹੜੇ ਵੇਦ ਵਿੱਚ ਲਿਖਿਆ ਮਿਲਦਾ ਹੈ?
   (ੳ) ਸਾਮਵੇਦ  (ਅ) ਰਿਗਵੇਦ
   (ੲ) ਯਜੁਰਵੇਦ  (ਸ) ਅਥਰਵੇਦ
6. ਅਥਰਵੇਦ ਦਾ ਇਨ੍ਹਾਂ ਚੋਂ ਹੋਰ ਕਿਹੜਾ ਨਾਮ ਹੈ–
   (ੳ) ਭ੍ਰਿਗੂਵੇਦ  (ਅ) ਬ੍ਰਹਮਵੇਦ
   (ੲ) ਇਹ ਦੋਵੇਂ ਹੀ  (ਸ) ਇਨਾਂ ਚੋ ਕੋਈ ਨਹੀਂ
7. ਆਦਿ ਗ੍ਰੰਥ ਦੀ ਸੰਪਾਦਨਾ ਕਦੋਂ ਤੋਂ ਕਦੋ ਤੱਕ ਹੋਈ ਹੈ?
   (ੳ) 16●1–16●4  (ਅ) 16●● ਤੋਂ 16●4
   (ੲ) 1598–16●2  (ਸ) 1599 ਤੋਂ 16●3

8. ਭਗਵਾਨ ਮਹਾਵੀਰ ਜੈਨ ਧਰਮ ਦੇ ਕਿੰਨਵੇਂ ਤੀਰਥਾਂਕਰ ਸਨ?

(ੳ) ਪਹਿਲੇ (ਅ) ਪੰਦਰਵੇਂ

(ੲ) ਇਕੀਵੇਂ (ਸ) ਚੌਵੀਵੇਂ

9. ਸਿੱਖ ਜੀਵਨ ਜਾਂਚ ਦਾ ਮੁੱਖ ਅਧਾਰ ਕੀ ਹੈ?

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ (ਅ) ਭਾਈ ਬਾਲੇਵਾਲੀ ਸਾਖੀ

(ੲ) ਤਵਾਰੀਖ ਖਾਲਸਾ (ਸ) ਪੁਰਾਤਨ ਜਨਮ ਸਾਖੀ

10. ਸੰਗਤ ਦੀ ਸੰਸਥਾ ਦਾ ਆਰੰਭ ਕਿਸਨੇ ਕੀਤਾ?

(ੳ) ਸ੍ਰੀ ਗੁਰੂ ਅੰਗਦ ਦੇਵ ਜੀ (ਅ) ਸ੍ਰੀ ਗੁਰੂ ਨਾਨਕ ਦੇਵ ਜੀ

(ੲ) ਸ੍ਰੀ ਗੁਰੂ ਅਮਰਦਾਸ ਜੀ (ਸ) ਸ੍ਰੀ ਗੁਰੂ ਰਾਮ ਦਾਸ ਜੀ

## ਭਾਗ-ਅ

### ਖਾਲੀ ਥਾਵਾਂ ਭਰੋ

11. ਮੁੱਢਲੇ ਆਰਿਆ ................ ਸ਼ਕਤੀਆਂ ਦੀ ਪੂਜਾ ਕਰਦੇ ਸਨ।
12. ਮੁੱਖ ਤੌਰ ਤੇ ਮੁੱਢਲੇ ਆਰੀਆ ਲੋਕ ................ ਦੁਆਰਾ ਮ੍ਰਿਤਕ ਸੰਸਕਾਰ ਕਰਦੇ ਸਨ।
13. ਤ੍ਰਿਪਟਕ................ ਧਰਮ ਦੇ ਗ੍ਰੰਥ ਦਾ ਨਾਂ ਹੈ।
14. ਬੁੱਧ ਧਰਮ ਦੀ ਦੂਜੀ ਮਹਾਂ ਸਭਾ ਸੰਨ ................ ਵਿੱਚ ਹੋਈ।
15. ਵੈਸ਼ਾਲੀ ਦੇ ਭਿਖਸ਼ੂਆਂ ਨੂੰ ................ ਭਾਡੇਂ ਵਿੱਚ ਲੂਣ ਇੱਕਠਾ ਕਰਨ ਦਾ ਆਦੇਸ਼ ਹੋਇਆ।
16. ਸਿੱਖ ਧਰਮ ਦੇ ਪਸਾਰ ਲਈ ਗੁਰੂ ਰਾਮਦਾਸ ਜੀ ਨੇ ................ਪ੍ਰਥਾ ਦਾ ਆਰੰਭ ਕੀਤਾ।
17. ਗੁਰੂ ਨਾਨਕ ਦੇਵ ਜੀ ਨੇ ਆਪਣੀ ਆਖਰੀ ਉਮਰ ਦੇ ਲਗਭਗ 18 ਸਾਲ ................ਵਿਖੇ ਗੁਜਾਰੇ।
18. ਆਦਿ ਗ੍ਰੰਥ ਦੀ ਸੰਪਾਦਨਾ ................ਸੰਨ ਵਿੱਚ ਸਮਾਪਤ ਹੋਈ।
19. ਆਸਾ ਦੀ ਵਾਰ ਸ੍ਰੀ ਗੁਰੂ ................ਜੀ ਦੀ ਰਚਨਾ ਹੈ।
20. ਆਦਿ ਗ੍ਰੰਥ ਵਿੱਚ ................ ਭੱਟਾਂ ਦੀ ਬਾਣੀ ਦਰਜ ਹੈ।
21. ਲਾਹੌਰ ਵਿਖੇ ਬਾਉਲੀ ਤਿਆਰ ਕਰਵਾਉਣ ਦਾ ਕਾਰਜ ................ ਜੀ ਨੇ ਕੀਤਾ।
22. ਰਿਗਵੇਦ ਦੇ ਭਜਨਾਂ ਨੂੰ ................ਮੰਡਲਾਂ ਵਿੱਚ ਵੰਡਿਆ ਗਿਆ ਹੈ।
23. ਸਾਮਵੇਦ ਦੇ 'ਸਾਮ' ਸ਼ਬਦ ਦਾ ਅਰਥ ਹੈ ................
24. ਅਥਰਵੇਦ ................ਵਿਧੀ ਨਾਲ ਸਬੰਧਿਤ ਨਹੀਂ ਸੀ, ਇਸ ਲਈ ਕ੍ਰੋਹਿਤ ਵਰਗ ਇਸ ਤੋਂ ਦੂਰ ਰਿਹਾ।
25. ਭਗਵਾਨ ਮਹਾਂਵੀਰ ਦਾ ਦੇਹਾਂਤ ਜਿਸ ਦਿਨ ਹੋਇਆ, ਉਸ ਦਿਨ ................ ਦਾ ਤਿਉਹਾਰ ਸੀ।
26. ਜੈਨ ਧਰਮ ਵਿੱਚ ਆਤਮਾ ਦੀ ਹੋਂਦ ਨੂੰ ................ਕੀਤਾ ਗਿਆ ਹੈ।
27. ਜੈਨ ਧਰਮ ਦੇ ਤਿੰਨ ਰਤਨਾ ਵਿੱਚ ਸ਼ਾਮਿਲ ਹਨ ਸੱਚਾ ਵਿਸ਼ਵਾਸ, ਸੱਚਾ ਗਿਆਨ ਅਤੇ ................
28. ................ਖਾਣਾ ਸਿੱਖ ਧਰਮ ਅਨੁਸਾਰ ਇੱਕ ਕੁਰਹਿਤ ਹੈ।
29. ਲੰਗਰ ਦੀ ਸੰਸਥਾ ਦਾ ਆਰੰਭ ................ ਜੀ ਨੇ ਕੀਤਾ।
30. ਸ੍ਰੀ................ਜੀ ਨੇ ਦੇਗ ਤੇਗ ਫਤਿਹ ਦਾ ਨਾਰਾ ਆਰੰਭ ਕੀਤਾ।

### ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਗਭਗ 30-35 ਸ਼ਬਦਾਂ ਵਿੱਚ ਦਿਉ।

31. ਮੁੱਢਲੇ ਆਰੀਆ ਦੀ ਉਸ਼ਾ ਦੇਵੀ ਬਾਰੇ ਸੰਖੇਪ ਜਾਣਕਾਰੀ ਦਿਓ।
32. ਮਹਾਰਾਜਾ ਅਸ਼ੋਕ ਨੇ ਬੁੱਧ ਧਰਮ ਦੇ ਪ੍ਰਚਾਰ ਲਈ ਕਿਹੜੇ ਕਰਮਚਾਰੀਆ ਦੀ ਨਿਯੁਕਤੀ ਕੀਤੀ।
33. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਕੋਈ ਇੱਕ ਕਾਰਣ ਲਿਖੋ।
34. ਅਥਰਵੇਦ ਬਾਰੇ ਸੰਖੇਪ ਜਾਣਕਾਰੀ ਦਿਓ।
35. ਰਿਗੇਵਦ ਦਾ ਦਾਰਸ਼ਨਿਕ ਪੱਖ ਉਲੀਕੋ।
36. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚਲੇ ਕਿਸੇ ਇੱਕ ਭਗਤ ਦੀ ਬਾਣੀ ਦਾ ਵਿਸ਼ਾ ਲਿਖੋ।
37. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਹੜੀਆਂ-ਕਿਹੜੀਆਂ ਰਾਗ ਮੁਕਤ ਬਾਣੀਆਂ ਹਨ।
38. ਜੈਨ ਧਰਮ ਦੇ ਦਿਗੰਬਰ ਫਿਰਕੇ ਦਾ ਸੰਖੇਪ ਪ੍ਰੀਚੈ ਕਰਵਾਓ।
39. ਸਿੱਖ ਧਰਮ ਅਨੁਸਾਰ ਮੁੱਖ ਵਿਆਹ ਸੰਸਕਾਰ ਲਿਖੋ।
40. ਗੁਰਦੁਆਰੇ ਦੀਆਂ ਚਾਰ ਮਰਿਆਦਾਵਾਂ ਕਿਹੜੀਆਂ ਕਿਹੜੀਆਂ ਹਨ।

## ਭਾਗ-ਸ

41. ਮੁੱਢਲੇ ਆਰੀਆ ਦੇ ਵਰੁਣ ਦੇਵਤੇ ਨਾਲ ਪ੍ਰੀਚੈ ਕਰਵਾਉ।

ਜਾਂ

ਮੁੱਢਲੇ ਆਰੀਆ ਦੀ ਬਲੀ ਪ੍ਰਥਾ ਬਾਰੇ ਤੁਸੀਂ ਕੀ ਜਾਣਦੇ ਹੋ।

42. ਖਾਲਸਾ ਸਾਜਨਾ ਤੇ ਨੋਟ ਲਿਖੋ।

ਜਾਂ

ਮਹਾਰਾਜਾ ਅਸ਼ੋਕ ਨੇ ਬੁੱਧ ਧਰਮ ਦੇ ਪ੍ਰਚਾਰ ਲਈ ਕੀ ਕੀਤਾ?

43. ਸਾਮਵੇਦ ਤੇ ਨੋਟ ਲਿਖੋ।

ਜਾਂ

ਰਿਗਵੇਦ ਦਾ ਸੰਖੇਪ ਪ੍ਰੀਚੈ ਕਰਵਾਉ।

44. ਆਦਿ ਗ੍ਰੰਥ ਦੀ ਸੰਪਾਦਨ ਕਲਾ ਦੇ ਮੁੱਖ ਪੱਖ ਦੱਸੋ।

ਜਾਂ

ਆਦਿ ਗ੍ਰੰਥ ਦੇ ਕਿਸੇ ਦੋ ਮੁੱਖ ਵਿਸ਼ਿਆਂ ਤੇ ਨੋਟ ਲਿਖੋ।

45. ਜੈਨ ਮਤ ਦੀਆਂ ਮੁੱਖ ਨੈਤਿਕ ਸਿਖਿਆਵਾਂ ਲਿਖੋ।

ਜਾਂ

ਸਿੱਖ ਧਰਮ ਦੀ 'ਪੰਗਤ' ਦੀ ਸੰਸਥਾ ਬਾਰੇ ਤੁਸੀਂ ਕੀ ਜਾਣਦੇ ਹੋ।